# ELECTION CELL

**ELECTORAL REGISTRATION OFFICER -CUM- ACA,BDA**
**093-BATHINDA RURAL(SC)**
**Gpc Bathinda, Civil Block, Opposite Cantonment Area, Bathinda**
email:: bathindarural093ac@gmail.com

ਜਿੰਮੇਵਾਰ ਬਣੋ ਵੋਟਰ ਬਣੋ

ਪੱਤਰ ਨੰ./2026/431 ਮਿਤੀ 10.04.2026

ਸੇਵਾ ਵਿਖੇ,

ਜ਼ਿਲ੍ਹਾ ਸਿੱਖਿਆ ਅਫਸਰ (ਸਕੈ/ਐਲੀ.)
ਬਠਿੰਡਾ।

**ਵਿਸ਼ਾ:-** **ਬੀ.ਐੱਲ.ਓਜ਼ ਦੀ ਕਿਸੇ ਹੋਰ ਕੰਮ ਅਧੀਨ ਡਿਊਟੀ ਨਾ ਲਗਾਉਣ ਸਬੰਧੀ।**

**ਹਵਾਲਾ:-** **ਆਪ ਜੀ ਦੇ ਦਫਤਰ ਦੇ ਪੱਤਰ ਨੰ ਜੀ-1/1()/2026/8012 ਮਿਤੀ 09.04.2026**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰਾਂ ਦੀ ਮੈਪਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ ਜੀ ਦੁਆਰਾ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਅਤੇ ਜਿਲ੍ਹੇ ਦੇ ਸਮੂਹ ਈ.ਆਰ.ਓਜ਼ ਨਾਲ ਵੀ.ਸੀ ਕੀਤੀ ਗਈ ਜਿਸ ਵਿੱਚ ਉਹਨਾਂ ਵੱਲੋਂ ਵੋਟਰਾਂ ਦੀ ਮੈਪਿੰਗ ਦੀ ਪ੍ਰਤੀਸ਼ਤਤਾ ਵਿੱਚ ਵਾਧੇ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਅਤੇ ਇਸ ਕੰਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਵਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ।

ਉਕਤ ਸਬੰਧੀ ਕੰਮ ਨੂੰ ਪੂਰਾ ਕਰਨ ਲਈ ਇਸ ਦਫਤਰ ਵੱਲੋਂ ਆਪ ਨੂੰ 07.04.2026 ਨੂੰ ਪੱਤਰ ਜਾਰੀ ਕੀਤਾ ਗਿਆ। **ਪਰੰਤੂ ਆਪ ਵੱਲੋਂ ਆਪਣੇ ਅਧਿਕਾਰੀਆਂ/ਕਰਮਚਾਰੀਆਂ** ਜੋ ਕਿ 093- **ਬਠਿੰਡਾ ਦਿਹਾਤੀ ਵਿੱਚ ਬਤੌਰ ਬੀ.ਐੱਲ.ਓ ਕੰਮ ਕਰ ਰਹੇ ਹਨ, ਨੂੰ ਸਵੇਰੇ 8 ਵਜੇ ਤੋਂ** 11 **ਵਜੇ ਤੱਕ ਦਫਤਰੀ ਡਿਊਟੀ ਅਤੇ ਇਸ ਤੋਂ ਬਾਅਦ ਬੀ.ਐੱਲ.ਓ ਡਿਊਟੀ ਨਿਭਾਉਣ ਦੇ ਨਿਰਦੇਸ਼ ਪ੍ਰਾਪਤ ਹੋਏ। ਪਰ ਕਈ ਸਕੂਲ ਬੀ.ਐੱਲ.ਓ ਡਿਊਟੀ ਏਰੀਆ ਤੋਂ 40-50 ਕੀ.ਮੀ ਦੂਰ ਹਨ ਜਿਸ ਕਰਕੇ ਇਸ ਕੰਮ ਨੂੰ ਸਮੇਂ ਸਿਰ ਪੂਰਾ ਕਰਨਾ ਮੁਸ਼ਕਿਲ ਹੋ ਜਾਵੇਗਾ। ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਉਕਤ ਕੰਮ ਬਾਬਤ ਫਿਰ ਤੋਂ 16.04.2026 ਨੂੰ ਵੀ.ਸੀ ਕੀਤੀ ਜਾਣੀ ਹੈ। ਇਸ ਲਈ ਇਸ ਹਲਕੇ ਦੇ ਸਮੂਹ ਬੀ.ਐੱਲ.ਓਜ਼ ਨੂੰ ਮਿਤੀ 16.04.2026 ਤੱਕ ਫਾਰਗ ਕੀਤਾ ਗਿਆ ਹੈ। ਇਸ ਲਈ ਆਪ ਨੂੰ ਇੱਕ ਵਾਰ ਫਿਰ ਤੋਂ ਲਿਖਿਆ ਜਾਂਦਾ ਹੈ ਕਿ ਵੋਟਰਾਂ ਦੀ ਮੈਪਿੰਗ ਦਾ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਰੋਜ਼ਾਨਾ ਜਾਇਜਾ ਲਿਆ ਜਾਂਦਾ ਹੈ ਅਤੇ ਮਿਤੀ 16.04.2026 ਤੱਕ ਇਸ ਕੰਮ ਨੂੰ ਮੁਕੰਮਲ ਕਰਨਾ ਅਤਿ ਜ਼ਰੂਰੀ ਹੈ। ਸੋ ਆਪ ਦੇ ਦਫਤਰ ਅਧੀਨ ਆਉਂਦੇਂ ਬੀ.ਐੱਲ.ਓਜ਼ ਨੂੰ ਤੁਰੰਤ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਅਤੇ ਬੀ.ਐੱਲ.ਓ ਡਿਊਟੀ ਲਈ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ, ਤਾਂ ਜੋ ਵੋਟਰਾਂ ਦੀ ਮੈਪਿੰਗ ਦਾ ਅਤਿ ਮਹੱਤਵਪੂਰਨ ਕੰਮ ਮਿੱਥੇ ਸਮੇਂ ਅਨੁਸਾਰ ਨਿਰਵਿਘਨ ਨੇਪਰੇ ਚੜ੍ਹ ਸਕੇ।**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093- ਬਠਿੰਡਾ ਦਿਹਾਤੀ ।

**ਪਿੱਠ ਅੰਕਣ ਨੰ: 432** **ਮਿਤੀ: 10.04.2026**

1. ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093- ਬਠਿੰਡਾ ਦਿਹਾਤੀ ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 3019 ਮਿਤੀ: 10-04-26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ